# ਜਾਣਕਾਰੀ ਦਾ ਦਸਤਾਵੇਜ

Ontario

ਮਨਿਸਟਰੀ ਆਫ਼ ਦ
ਐਟਰਨੀ ਜਨਰਲ

15 ਨਵੰਬਰ 2006

## ਮਨੁੱਖੀ ਹੱਕਾਂ ਦੀ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਪ੍ਰਸਤਾਵਿਤ ਸੋਧਾਂ

ਮੈਗਿੰਟੀ ਸਰਕਾਰ ਬਿਲ 107, ਜੋ ਹਿਊਮਨ ਰਾਈਟਸ ਕੋਡ ਅਮੈਂਡਮੈਂਟ ਐਕਟ, 2006, ਹੈ, ਅਤੇ ਜੋ ਅਪਰੈਲ 2006 ਵਿੱਚ ਲਿਆਂਦਾ ਗਿਆ ਸੀ, ਵਿੱਚ ਵਾਧਿਆਂ ਦਾ ਪ੍ਰਸਤਾਵ ਪੇਸ਼ ਕਰ ਰਹੀ ਹੈ। ਇਹ ਵਿਧਾਨ, ਜੇ ਇਹ ਪਾਸ ਹੋ ਜਾਂਦਾ ਹੈ, ਓਨਟੇਰੀਓ ਦੀ ਮਨੁੱਖੀ ਹੱਕਾਂ ਦੀ 40-ਸਾਲ ਪੁਰਾਣੀ ਪ੍ਰਣਾਲੀ ਨੂੰ ਆਧੁਨਿਕ ਅਤੇ ਮਜ਼ਬੂਤ ਬਣਾਵੇਗਾ ਤਾਂ ਜੋ ਇਹ ਵਿਤਕਰੇ ਦੀ ਰੋਕ-ਥਾਮ ਤੇ ਧਿਆਨ ਕੇਂਦ੍ਰਿਤ ਕਰਦਿਆਂ ਹੋਇਆਂ ਸ਼ਿਕਾਇਤਾਂ ਦਾ ਜਲਦੀ ਅਤੇ ਵਧੇਰੇ ਅਸਰਦਾਰ ਤਰੀਕੇ ਨਾਲ ਨਿਪਟਾਰਾ ਕਰ ਸਕੇ।

ਪ੍ਰਸਤਾਵਿਤ ਵਿਧਾਨ ਅਧੀਨ ਓਨਟੇਰੀਓ ਹਿਊਮਨ ਰਾਈਟਸ ਕਮਿਸ਼ਨ ਦੀ ਭੂਮਿਕਾ ਓਨਟੇਰੀਓ ਵਿੱਚ ਨਸਲਵਾਦ ਅਤੇ ਅਪਾਹਜ ਵਿਅਕਤੀਆਂ ਲਈ ਮੌਜੂਦ ਰੋਕਾਂ ਸਮੇਤ ਵਿਤਕਰੇ ਦੇ ਹੱਲ ਲਈ ਪਹਿਲਕਦਮੀ ਵਾਲੇ ਕਦਮ ਚੁੱਕਣ ਤੇ ਧਿਆਨ ਦੇਣਾ ਸ਼ਾਮਲ ਹੈ, ਜਿਵੇਂ ਜਨਤਕ ਵਿੱਦਿਆ, ਪ੍ਰੋਤਸਾਹਨ, ਜਨਤਕ ਸਲਾਹਕਾਰੀ, ਖੋਜ ਅਤੇ ਨਿਗਾਹਬਾਨੀ ਰੱਖਣਾ। ਸ਼ਿਕਾਇਤਾਂ ਦੀ ਇੱਕ ਨਵੀਂ ਕਾਰਵਾਈ ਲਾਗੂ ਕੀਤੀ ਜਾਵੇਗੀ, ਜਿਸ ਵਿੱਚ ਵਿਅਕਤੀਗਤ ਸ਼ਿਕਾਇਤਾਂ ਸਿੱਧੀਆਂ ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ ਕੋਲ ਦਾਇਰ ਕੀਤੀਆਂ ਜਾਣਗੀਆਂ। ਟ੍ਰਿਬਿਊਨਲ ਕੋਲ ਹੱਲ ਦੀ ਤਲਾਸ਼ ਕਰਨ ਆਏ ਵਿਅਕਤੀਆਂ ਲਈ ਕਾਨੂੰਨੀ ਅਤੇ ਸਲਾਹਕਾਰੀ ਸੇਵਾਵਾਂ ਸਥਾਪਤ ਕੀਤੀਆਂ ਜਾਣਗੀਆਂ।

ਬਿਲ ਵਿੱਚ ਪ੍ਰਸਤਾਵਿਤ ਮੁੱਖ ਸੋਧਾਂ ਮੌਜੂਦ ਕਾਨੂੰਨੀ ਹਿਮਾਇਤਾਂ ਨੂੰ ਡੂੰਘੇ ਪੱਧਰ ਤੇ ਸਥਾਪਿਤ ਕਰ ਦੇਣਗੀਆਂ, ਕਮਿਸ਼ਨ ਦੀ ਆਜ਼ਾਦੀ ਨੂੰ ਵਧਾਉਣਗੀਆਂ, ਇਸ ਦੀਆਂ ਛਾਣ-ਬੀਣ ਅਤੇ ਜਨਤਕ ਹਿਤ ਵਾਲੀਆਂ ਤਾਕਤਾਂ ਨੂੰ ਮਜ਼ਬੂਤ ਬਣਾਉਣਗੀਆਂ, ਅਤੇ ਟ੍ਰਿਬਿਊਨਲ ਦੀ ਕਾਰਵਾਈ ਵਿੱਚ ਵਧੇਰੇ ਨਿਆਂਕਾਰੀ ਵਤੀਰੇ ਦੀ ਹੌਸਲਾ-ਅਫ਼ਜ਼ਾਈ ਕਰਨਗੀਆਂ।

ਮੌਜੂਦ ਹਿਮਾਇਤੀ ਕਾਨੂੰਨੀ ਸੇਵਾਵਾਂ ਨੂੰ ਡੂੰਘੇ ਪੱਧਰ ਤੇ ਸਥਾਪਿਤ ਕਰ ਦੇਣ ਵਾਲੀਆਂ ਪ੍ਰਸਤਾਵਿਤ ਸੋਧਾਂ ਵਿੱਚ ਇਹ ਸ਼ਾਮਲ ਹਨ:

- ਵਿਧਾਨ ਵਿੱਚ ਇੱਕ ਹਿਊਮਨ ਰਾਈਟਸ ਲੀਗਲ ਸੱਪੋਰਟ ਸੈਂਟਰ ਸਥਾਪਤ ਕਰਨਾ
- ਇਹ ਸਪਸ਼ਟ ਕਰਨਾ ਅਤੇ ਯਕੀਨੀ ਬਣਾਉਣਾ ਕਿ ਜਾਣਕਾਰੀ, ਮਸ਼ਵਰਾ, ਸਹਾਇਤਾ, ਅਤੇ ਕਾਨੂੰਨੀ ਨੁਮਾਇੰਦਗੀ ਵਰਗੀਆਂ ਹਿਮਾਇਤੀ ਕਾਨੂੰਨੀ ਸੇਵਾਵਾਂ ਦੀ ਇੱਕ ਵੰਨਗੀ ਪ੍ਰਦਾਨ ਕੀਤੀ ਜਾਵੇ
- ਹਿਊਮਨ ਰਾਈਟਸ ਲੀਗਲ ਸੱਪੋਰਟ ਸੈਂਟਰ ਵਾਸਤੇ ਜਨਤਕ ਧਨ ਪ੍ਰਦਾਨ ਕਰਨ ਦੀ ਤਸਦੀਕ ਕਰਨਾ
- ਸੂਬੇ ਭਰ ਵਿੱਚ ਜਿੱਥੇ ਵੀ ਲੋੜ ਹੋਵੇ, ਉੱਥੇ ਸੇਵਾਵਾਂ ਦੀ ਉਪਲਬਧਗੀ ਦਾ ਇੰਤਜ਼ਾਮ ਕਰਨਾ
- ਕੋਈ ਵੀ ਵਿਅਕਤੀ, ਜੋ ਟ੍ਰਿਬਿਊਨਲ ਵਿਖੇ ਕੋਈ ਹੱਲ ਚਾਹੁੰਦਾ ਹੋਵੇ, ਚਾਹੁੰਦਾ ਰਿਹਾ ਹੋਵੇ, ਜਾਂ ਹੋ ਸਕਦਾ ਹੋਵੇ, ਸੇਵਾਵਾਂ ਹਾਸਲ ਕਰਨ ਲਈ ਹੱਕਦਾਰ ਹੋਵੇ

ਕਮਿਸ਼ਨ ਦੀ ਆਜ਼ਾਦੀ ਨੂੰ ਵਧਾਉਣ ਵਾਲੀਆਂ ਪ੍ਰਸਤਾਵਿਤ ਸੋਧਾਂ ਵਿੱਚ ਹੇਠ ਲਿਖੀਆਂ ਸ਼ਾਮਲ ਹਨ:

- ਵਿਧਾਨ ਸਭਾ ਰਾਹੀਂ ਕਮਿਸ਼ਨ ਨੂੰ ਓਨਟੇਰੀਓ ਦੇ ਲੋਕਾਂ ਨੂੰ ਸਿੱਧੇ ਤੌਰ ਤੇ ਜਵਾਬਦੇਹ ਬਣਾਉਣਾ
- ਪਹਿਲੀ ਵਾਰੀ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਨਿਯੁਕਤ ਕੀਤੇ ਕਮਿਸ਼ਨਰਾਂ ਨੂੰ ਮਨੁੱਖੀ ਹੱਕਾਂ ਬਾਰੇ ਮੁਹਾਰਤ ਹੋਵੇ
- ਇਹ ਸਪਸ਼ਟ ਕਰਨਾ ਕਿ ਕਮਿਸ਼ਨ ਜਦੋਂ ਵੀ ਆਪਣਾ ਕੋਈ ਕਾਰਜ ਅੰਜਾਮ ਦੇਵੇਗਾ, ਇਹ ਜਨਤਕ ਹਿਤ ਵਿੱਚ ਆਪਣੀ ਮਰਜ਼ੀ ਮੁਤਾਬਕ, ਆਜ਼ਾਦ ਤੌਰ ਤੇ ਕਾਰਵਾਈ ਕਰੇਗਾ

ਕਮਿਸ਼ਨ ਦੀਆਂ ਜਾਂਚ ਅਤੇ ਜਨਤਕ ਹਿਤ ਸੰਬੰਧੀ ਤਾਕਤਾਂ ਨੂੰ ਮਜ਼ਬੂਤ ਬਣਾਉਣ ਵਾਲੀਆਂ ਪ੍ਰਸਤਾਵਿਤ ਸੋਧਾਂ ਵਿੱਚ ਹੇਠ ਲਿਖੀਆਂ ਸ਼ਾਮਲ ਹਨ:

- ਇਹ ਯਕੀਨੀ ਬਣਾਉਣ ਲਈ ਕਮਿਸ਼ਨ ਦੀਆਂ ਤਾਕਤਾਂ ਸਪਸ਼ਟ ਰੂਪ ਵਿੱਚ ਦੱਸਣੀਆਂ ਕਿ ਇਸ ਕੋਲ ਕਿਸੇ ਵੀ ਮਾਮਲੇ ਦੀ ਜਾਂਚ, ਦਸਤਾਵੇਜਾਂ ਦੀ ਛਾਣ-ਬੀਣ, ਲੋਕਾਂ ਤੋਂ ਪੁੱਛ-ਗਿੱਛ ਕਰਨ, ਅਤੇ ਆਪਣੀ ਜਾਂਚ-ਪੜਤਾਲ ਪ੍ਰਤੀ ਸਹਿਯੋਗ ਲਾਗੂ ਕਰਨਾ ਦੀ ਕਾਬਲੀਅਤ ਹੋਵੇਗੀ
- ਇਹ ਸਪਸ਼ਟ ਰੂਪ ਵਿੱਚ ਦੱਸਣਾ ਕਿ ਕਮਿਸ਼ਨ ਕੋਲ ਟ੍ਰਿਬਿਊਨਲ ਸਾਮ੍ਹਣੇ ਪੇਸ਼ ਕਿਸੇ ਵੀ ਮਾਮਲੇ ਵਿੱਚ ਦਖ਼ਲਅੰਦਾਜ਼ੀ ਕਰਨ ਦਾ ਹੱਕ ਹੈ
- ਸਭ ਮੌਜੂਦ ਸ਼ਿਕਾਇਤਾਂ ਨੂੰ ਵਰਤਮਾਨ ਪ੍ਰਣਾਲੀ ਅਧੀਨ ਨਜਿੱਠਣ ਲਈ ਆਰਜ਼ੀ ਸ਼ਰਤਾਂ ਨੂੰ ਢੁਕਵਾਂ ਬਣਾਉਣਾ

ਟ੍ਰਿਬਿਊਨਲ ਦੀ ਕਾਰਵਾਈ ਵਿੱਚ ਵਧੇਰੇ ਨਿਆਂਕਾਰੀ ਵਤੀਰੇ ਦੀ ਹੌਸਲਾ-ਅਫ਼ਜ਼ਾਈ ਵਾਲੀਆਂ ਪ੍ਰਸਤਾਵਿਤ ਸੋਧਾਂ ਵਿੱਚ ਇਹ ਸ਼ਾਮਲ ਹਨ:

- ਇਹ ਸ਼ਰਤ ਲਾਉਣਾ ਕਿ ਆਪਣੇ ਸਾਮ੍ਹਣੇ ਪੇਸ਼ ਮਾਮਲਿਆਂ ਬਾਰੇ ਟ੍ਰਿਬਿਊਨਲ ਦੇ ਰਵਾਇਤੀ ਅਤੇ ਜ਼ਾਬਤੇ ਦੇ ਨਿਯਮ ਨਿਆਂਕਾਰੀ, ਇਨਸਾਫ਼ ਵਾਲੇ, ਅਤੇ ਤੇਜ਼-ਰਫ਼ਤਾਰ ਹੱਲਾਂ ਨੂੰ ਸੌਖਿਆਂ ਬਣਾਉਂਦੇ ਹਨ
- ਇਹ ਯਕੀਨੀ ਬਣਾਉਣਾ ਕਿ ਟ੍ਰਿਬਿਊਨਲ ਕੋਲ ਵਕਤ-ਸਿਰ ਅਤੇ ਇਸ ਦੇ ਅਖ਼ਤਿਆਰੀ-ਖੇਤਰ ਹੇਠ ਦਾਇਰ ਸਭ ਅਰਜ਼ੀਆਂ ਸੰਬੰਧਤ ਧਿਰਾਂ ਨੂੰ ਆਪਣਾ ਪੱਖ ਪੇਸ਼ ਕਰਨ ਦਾ ਜ਼ੁਬਾਨੀ ਮੌਕਾ ਦਿੱਤੇ ਬਿਨਾ ਅੰਤਮ ਤੌਰ ਤੇ ਨਜਿੱਠ ਨਾ ਦਿੱਤੀਆਂ ਜਾਣ
- ਬਿਨਾ ਸੁਣਵਾਈ ਤੋਂ ਅਰਜ਼ੀਆਂ ਰੱਦ ਕਰਨ ਦੀਆਂ ਟ੍ਰਿਬਿਊਨਲ ਦੀਆਂ ਤਾਕਤਾਂ ਨੂੰ ਸੀਮਤ ਕਰਨਾ
- ਫੀਸਾਂ ਸਥਾਪਤ ਕਰਨ ਅਤੇ ਵਸੂਲ ਕਰਨ ਦੀ ਟ੍ਰਿਬਿਊਨਲ ਦੀ ਕਾਬਲੀਅਤ ਖ਼ਤਮ ਕਰਨਾ
- ਦਾਅਵਾ ਦਾਇਰ ਕਰਨ ਦੀ ਵਕਤ ਦੀ ਹੱਦ ਛੇ ਮਹੀਨੇ ਤੋਂ ਵਧਾ ਕੇ ਇੱਕ ਸਾਲ ਕਰਨਾ
- ਇਹ ਯਕੀਨੀ ਬਣਾਉਣਾ ਕਿ ਟ੍ਰਿਬਿਊਨਲ ਦੇ ਐਡਜੂਡੀਕੇਟਰ (ਨਿਆਂਇਕ ਅਧਿਕਾਰੀ) ਮਨੁੱਖੀ ਹੱਕਾਂ ਵਿੱਚ ਮੁਹਾਰਤ ਰੱਖਦੇ ਹੋਣ

ਬਿਲ 107 ਵਿੱਚ ਇਨ੍ਹਾਂ ਤਬਦੀਲੀਆਂ ਨੂੰ ਦੱਸਣ ਵਾਲੀ ਇੱਕ ਸਾਰਣੀ ਬੇਨਤੀ ਕਰਨ ਤੇ ਉਪਲਬਧ ਹੈ।

ਪ੍ਰਸਤਾਵਿਤ ਹਿਊਮਨ ਰਾਈਟਸ ਕੋਡ ਅਮੈਂਡਮੈਂਟ ਐਕਟ, 2006, ਨੂੰ 6 ਜੂਨ 2006 ਨੂੰ ਦੂਜੀ ਵਾਰੀ ਵਿਚਾਰਿਆ ਗਿਆ ਅਤੇ ਇਸ ਵੇਲੇ ਇਹ ਸਟੈਂਡਿੰਗ ਕਮੇਟੀ ਆਨ ਜਸਟਿਸ ਪਾਲਿਸੀ ਦੇ ਸਾਮ੍ਹਣੇ ਪੇਸ਼ ਹੈ।

- 30 -

ਸੰਪਰਕ:
ਬ੍ਰੈਂਡਨ ਕ੍ਰਾਅਲੀ
ਮਨਿਸਟਰੀ ਆਫ਼ ਦ ਐਟਰਨੀ ਜਨਰਲ
ਕਮਿਊਨੀਕੇਸ਼ਨਜ਼ ਬ੍ਰਾਂਚ
*(416) 326-2210*

www.attorneygeneral.jus.gov.on.ca
ਆਮ ਟੈਲੀਫ਼ੋਨ ਪੁੱਛ-ਗਿੱਛ: 416-326-2220 ਜਾਂ 1-800-518-7901

ਦ੍ਰਿਸ਼ਟੀਹੀਣ ਵਿਅਕਤੀ ਇਸ ਦਸਤਾਵੇਜ਼ ਦਾ ਪਾਠ ਸੁਣਨ ਲਈ ਉਪ੍ਰੋਕਤ
ਨੰਬਰਾਂ ਤੇ ਫ਼ੋਨ ਕਰ ਸਕਦੇ ਹਨ।
ਟੀ.ਟੀ. ਵਾਈ.: 416-326-4012

ਇਸ ਦਸਤਾਵੇਜ਼ ਦਾ 14 ਬੋਲੀਆਂ ਵਿੱਚ ਤਰਜਮਾ ਕੀਤਾ ਜਾ ਰਿਹਾ ਹੈ।
ਇਹ ਤਰਜਮੇ ਛੇਤੀ ਹੀ www.attorneygeneral.jus.gov.on.ca ਤੇ ਉਪਲਬਧ ਹੋਣਗੇ।